# ਦਫਤਰ ਜਿਲਾ ਮੈਜਿਸਟਰੇਟ, ਜਲੰਧਰ
**Office of the District Magistrate**
Jalandhar (Punjab)

No. .........................

Date .........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in


**ਹੁਕਮ-**

ਕੋਵਿਡ-19 (ਕੋਰੋਨਾ ਵਾਇਰਸ) ਦੀ ਬੀਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬੀਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ. 3062-85 /ਐਮ.ਸੀ.4/ਐਮ.ਏ ਮਿਤੀ 23.03.2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਵੀ ਜਾਰੀ ਕੀਤੇ ਗਏ ਹਨ।

ਪੰਜਾਬ ਸਰਕਾਰ ਦੇ ਪੱਤਰ ਨੰ. SCCR/2020/36 ਮਿਤੀ 31.03.2020 ਵਿੱਚ ਜਾਰੀ ਹਦਾਇਤਾਂ ਹੀ ਇੰਨ ਬਿੰਨ ਪਾਲਣਾਂ ਨੂੰ ਯਕੀਨੀ ਬਣਾਉਣ ਵਾਸਤੇ ਇਸ ਦਫਤਰ ਦੇ ਪੱਤਰ ਨੰ: 4835-60/MC-4/MA ਮਿਤੀ 31.03.2020 ਰਾਹੀਂ ਹੇਠ ਦਰਜ ਅਧਿਕਾਰੀਆਂ ਦੀ ਕਮੇਟੀ ਬਣਾਈ ਗਈ ਸੀ :-

| | | |
|---|---|---|
| 1. | ਸ਼੍ਰੀ ਬਲਜੀਤ ਸਿੰਘ, ਸਹਾਇਕ ਕਿਰਤ ਕਮਿਸ਼ਨਰ, ਜਲੰਧਰ | ਪ੍ਰਧਾਨ |
| 2. | ਸ਼੍ਰੀ ਨਰੇਸ਼ ਡੋਗਰਾ, ਪੀ.ਪੀ.ਐਸ, ਡੀ.ਸੀ.ਪੀ, ਜਲੰਧਰ | ਮੈਂਬਰ (ਨੁਮਾਇੰਦਾ ਕਮਿਸ਼ਨਰੇਟ ਪੁਲਿਸ) |
| 3. | ਸ਼੍ਰੀ ਰਵਿੰਦਰ ਸਿੰਘ, ਐਸ.ਪੀ, ਹੈਡਕੁਆਟਰ | ਮੈਂਬਰ (ਨੁਮਾਇੰਦਾ ਦਿਹਾਤੀ ਪੁਲਿਸ) |
| 4. | ਸ਼੍ਰੀ ਅਰੁਨ ਕਪੂਰ, ਏ.ਐਫ.ਐਸ.ਉ, ਜਲੰਧਰ | ਮੈਂਬਰ (ਨੁਮਾਇੰਦਾ ਖੁਰਾਕ ਅਤੇ ਸਪਲਾਈ ਵਿਭਾਗ) |
| 5. | ਚੰਦਨ ਗਿੱਲ, ਲੇਬਰ ਇੰਫੋਰਸਮੈਂਟ ਅਫਸਰ, ਜਲੰਧਰ | ਮੈਂਬਰ (ਨੁਮਾਇੰਦਾ ਲੇਬਰ ਵਿਭਾਗ) |
| 6. | ਸ਼੍ਰੀ ਰਣਜੀਤ ਸਿੰਘ, DeGC, ਜਲੰਧਰ | ਮੈਂਬਰ (ਤਕਨੀਕੀ ਅਤੇ ਸਰਵਿਸ ਸਟਾਫ ਸਹਿਯੋਗ) |

**ਇਸ ਸਬੰਧੀ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹੋਣਗੀਆ:-**

1. ਇਸ ਸਬੰਧ ਵਿੱਚ ਹਰ ਮਾਈਗਰੇਟ ਲੇਬਰ/ਵਰਕਰ ਨੂੰ ਇਹ ਲਾਭ ਦੇਣ ਲਈ ਲਾਭਪਾਤਰੀ ਨੂੰ ਨਾਲ ਨੱਥੀ ਪ੍ਰੋਫਾਰਮਾਂ ਟੇਬਲ-ਬੀ ਭਰਕੇ ਦੇਣਾ ਪਵੇਗਾ।
2. ਇਸ ਮੰਤਵ ਲਈ ਇਹ ਕੰਮ ਚੋਣਕਾਰ ਰਜਿਸਟਰੇਸ਼ਨ ਅਫਸਰਾਂ/SDMs ਵਲੋਂ ਬੀ.ਐਲ.ਓਜ਼ ਤੋ ਕਰਵਾਇਆ ਜਾਵੇਗਾ।
3. ਫਾਰਮ ਭਰਨ ਦਾ ਇੱਕ ਕੰਮ ਹਰ ਹਾਲਤ ਵਿੱਚ ਮਿਤੀ 03/04/2020 ਤੱਕ ਮੁਕੰਮਲ ਕੀਤਾ ਜਾਵੇਗਾ।
4. ਇਹ ਫਾਰਮ ਘਰ/ਵੇਹੜੇ ਮੁਤਾਬਕ ਭਰੇ ਜਾਣਗੇ।
5. ਇਹਨਾਂ ਫਾਰਮਾਂ ਲਈ ਲਾਭਪਾਤਰੀ ਦਾ ਵੋਟਰ ਹੋਣਾ ਜਰੂਰੀ ਨਹੀਂ, ਕੇਵਲ ਮਾਈਗਰੇਟ ਲੇਬਰ/ਵਰਕਰ ਹੋਣਾ ਚਾਹੀਦਾ ਹੈ।
6. ਜਿਸ ਬੀ.ਐਲ.ਓ. ਦੇ ਬੂਥ ਵਿੱਚ ਮਾਈਗਰੇਟ ਲੇਬਰ/ਵਰਕਰਾਂ ਦੀ ਗਿਣਤੀ ਬਹੁਤ ਜਿਆਦਾ ਹੋਵੇ, ਉੱਥੇ ਉਸ ਬੀ.ਐਲ.ਓ. ਨਾਲ ਸੈਕਟਰ ਸੁਪਰਵਾਈਜਰ ਅਜਿਹੇ ਬੀ.ਐਲ.ਓ. ਨੂੰ ਲਗਾ ਸਕਦਾ ਹੈ, ਜਿਸ ਪਾਸ ਮਾਈਗਰੇਟ ਲੇਬਰ ਦੀ ਸੰਖਿਆ ਘੱਟ ਹੋਵੇ।
7. ਹਰ ਬੀ.ਐਲ.ਓ. ਪਹਿਲਾਂ ਸਬੰਧਤ ਮਾਈਗਰੇਟ ਲੇਬਰ/ਵਰਕਰ ਦੇ ਘਰ-ਘਰ/ਵੇਹੜੇ-ਵੇਹੜੇ ਜਾ ਕੇ ਉੱਥੇ ਰਹਿਣ ਵਾਲੇ ਮੈਂਬਰਾਂ ਦੀ ਗਿਣਤੀ ਮੁਤਾਬਕ ਫਾਰਮ ਇਹ ਕਹਿ ਕੇ ਸਪਲਾਈ ਕਰੇਗਾ ਕਿ ਉਹ ਇਹਨਾਂ ਫਾਰਮਾਂ ਨੂੰ ਹਰ ਹਾਲਤ ਵਿੱਚ ਇੱਕ ਘੰਟੇ ਦੇ ਅੰਦਰ-ਅੰਦਰ ਭਰ ਲੈਣ। ਫਿਰ ਇੱਕ ਘੰਟੇ ਤੋਂ ਬਾਅਦ ਦੁਬਾਰਾ ਬੀ.ਐਲ.ਓ. ਦੱਸੀਆਂ ਹਦਾਇਤਾਂ ਮੁਤਾਬਕ ਪੜ੍ਹਤਾਲ ਉਪਰੰਤ ਫਾਰਮ ਨੂੰ ਵਾਪਸ ਲਵੇਗਾ ਅਤੇ ਤਰਤੀਬ ਮੁਤਾਬਕ ਪਰਿਵਾਰ/ਮੈਂਬਰ/ਗਰੁੱਪ/ਐਲ.ਪੀ.ਜੀ. ਗਰੁੱਪ ਮੁਤਾਬਕ ਰੱਖੇਗਾ।
8. ਬੀ.ਐਲ.ਓ. ਵੱਲੋਂ ਐਲ.ਪੀ.ਜੀ. ਰੀਫਿਲ ਦੀ ਸੁਵਿਧਾ ਲੈਣ ਵਾਲੇ ਲਾਭਪਾਤਰੀ ਦਾ ਵੱਖਰਾ 15 ਮੈਂਬਰਾਂ ਮੁਤਾਬਕ ਇੱਕ-ਇੱਕ ਸੈਟ ਤਿਆਰ ਹੋਵੇਗਾ। ਜਦੋਂ ਕਿ ਕੇਵਲ ਰਾਸ਼ਨ ਪੈਕਟ ਲੈਣ ਵਾਲਿਆਂ ਲਈ 5 ਮੈਂਬਰਾਂ/ ਫਾਰਮਾਂ ਮੁਤਾਬਕ ਇੱਕ-ਇੱਕ ਸੈਟ ਤਿਆਰ ਕੀਤਾ ਜਾਵੇਗਾ।
9. ਹਰ ਫਾਰਮ ਨੂੰ ਮਾਈਗਰੇਟ ਲੇਬਰ/ਵਰਕਰ/ਪਰਿਵਾਰ ਮੁਤਾਬਕ ਦਰਜ ਕੀਤਾ ਜਾਵੇਗਾ। ਭਾਵ, ਜੇਕਰ ਇੱਕ ਪਰਿਵਾਰ ਦੇ 5 ਜੀਅ ਹਨ ਤਾਂ ਬੀ.ਐਲ.ਓ. ਜੇਕਰ ਪਾਸ ਏ.ਸੀ. ਨੰਬਰ 66 ਹੈ ਤੇ ਬੂਥ ਨੰਬਰ 08 ਹੈ, ਤਾਂ ਉਹ ਫਾਰਮ ਨੂੰ ਇਸ ਪ੍ਰਕਾਰ ਸੀਰੀਅਲ ਦੇਵਗਾ :-

   Ac No. /Booth No. /Family No. /Family Member No.
   ਭਾਵ 66/08/01/1, ਦੂਜੇ ਮੈਂਬਰ ਲਈ 66/08/01/2, ਤੀਜੇ ਮੈਂਬਰ ਲਈ 66/08/01/3 -----------

10. One Dry Ration Packet ਕੇਵਲ 5 ਮਾਈਗਰੇਟ ਲੇਬਰ/ਵਰਕਰਜ਼ ਦੇ ਗਰੁੱਪ ਨੂੰ ਦਿੱਤਾ ਜਾਵੇਗਾ ਜੋ ਇਸ ਗੱਲ ਤੇ ਸਹਿਮਤ ਹੋਣ ਕਿ ਉਹ ਪੰਜੋਂ ਇਸ ਨੂੰ ਇੱਕਠਾ ਵਰਤ ਲੈਣਗੇ। ਅਜਿਹੀ ਸਥਿਤੀ ਵਿੱਚ ਬੀ.ਐਲ.ਓ. ਨੇ ਅਜਿਹੇ 5 ਵਿਅਕਤੀਆਂ ਦੇ ਫਾਰਮਾਂ ਨੂੰ ਇੱਕਠਾ ਕਰਕੇ ਰੱਖਣਾ ਹੈ। ਇਹਨਾਂ ਹਰ ਫਾਰਮਾਂ ਉਪਰ ਲਾਲ ਸਿਆਹੀ ਨਾਲ ਰਾਸ਼ਨ, ਗਰੁੱਪ-1,2,3--- ਲਿਖ ਲੈਣਾ ਹੈ ਤਾਂ ਕਿ ਗਰੁੱਪ ਇੱਕਠਾ ਰਹੇ ਅਤੇ ਜੇਕਰ ਫਾਰਮ ਇੱਧਰ ਉਧਰ ਵੀ ਹੋ ਜਾਵੇ ਤਾਂ ਫਾਈਨਲ ਡਾਟੇ ਵਿੱਚ ਇੱਕ ਗਰੁੱਪ ਵਿੱਚ ਹੀ ਐਡ ਹੋਵੇ।



Scanned by CamScanner

11. ਇਸੇ ਪ੍ਰਕਾਰ ਜੇਕਰ ਘਰ/ਵੇਹੜੇ ਵਿੱਚੋਂ ਮਾਈਗਰੇਟ ਲੇਬਰ/ਵਰਕਜ਼ ਦੇ 15 ਪਰਿਵਾਰਕ ਮੈਂਬਰ/ਵਿਅਕਤੀ ਇੱਕਠੇ ਹੋ ਕਰ ਇਹ ਕਹਿੰਦੇ ਹਨ ਕਿ ਅਸੀਂ ਇੱਕਠੇ ਰਹਿ ਕੇ ਇੱਕ 5 ਕਿੱਲੋ ਦੇ ਰੀਫਿਲ ਸਲੰਡਰ ਨਾਲ ਸਾਂਝੇ ਤੌਰ ਤੇ ਗੁਜਾਰਾ ਕਰ ਲਵਾਂਗੇ ਤਾਂ ਇਹਨਾਂ 15 ਫਾਰਮਾਂ ਨੂੰ ਇੱਕਠਾ ਗਰੁੱਪ ਨੰਬਰ ਦੇਣ ਤੋਂ ਬਾਅਦ ਇੱਕ ਪੈਕਟ/ਬੰਡਲ ਬਨਣਾ ਹੈ। ਇਹਨਾਂ ਹਰੇਕ ਫਾਰਮਾਂ ਉਪਰ ਐਲ.ਪੀ.ਜੀ. ਗਰੁੱਪ-1,2,3,4---- ਆਦਿ ਲਾਲ ਸਿਆਹੀ ਨਾਲ ਦਰਜ ਕਰਨਾ ਹੈ।
12. ਬੀ.ਐਲ.ਓ. ਵੱਲੋਂ ਹਰ ਰੋਜ਼ ਭਰੇ ਫਾਰਮ ਸਬੰਧਤ ਸੁਪਰਵਾਈਜਰ ਰਾਹੀਂ ਈ.ਆਰ.ਓਜ਼. ਪਾਸ ਪੁੱਜਣਗੇ।
13. ਸੁਪਰਵਾਈਜਰ ਪ੍ਰਾਪਤ ਹੋਏ ਫਾਰਮਾਂ ਨਾਲ ਹੇਠ ਲਿਖੇ ਅਨੁਸਾਰ ਇੱਕ ਸਮਰੀ ਹਰ ਸਬੰਧਤ ਬੀ.ਐਲ.ਓ. ਤੋਂ ਹਾਸਲ ਕਰੇਗਾ :-

| ਲੜੀ ਨੰਬਰ | ਬੀ.ਐਲ.ਓ. ਸਣੇ ਮੋਬਾਇਲ ਨੰਬਰ | ਏ.ਸੀ. ਨੰਬਰ ਤੇ ਨਾਮ | ਬੂਥ ਨੰਬਰ | ਮਾਈਗਰੇਡ ਲੇਬਰ/ਵਰਕਜ਼ ਦੇ ਕੁੱਲ ਪਹਿਲਾਂ ਭਰੇ ਗਏ ਭਾਰਮਾਂ ਦੀ ਗਿਣਤੀ | ਮਾਈਗਰੇਡ ਲੇਬਰ/ਵਰਕ ਜ਼ ਦੇ ਕੁੱਲ ਪਹਿਲਾਂ ਭਰੇ ਗਏ ਭਾਰਮਾਂ ਦੀ ਗਿਣਤੀ | ਮਾਈਗਰੇਡ ਵਰਕਰ ਦੇ ਅੱਜ ਭਰੇ ਫਾਰਮਾਂ ਦੀ ਗਿਣਤੀ (6+7) | 5 ਵਿਅਕਤੀਆਂ ਦੇ ਗਰੁੱਪਾਂ ਦੀ ਕੁੱਲ ਗਿਣਤੀ, ਜਿਹਨਾਂ ਨੂੰ ਪ੍ਰਤੀ ਇੱਕ ਗਰੁੱਪ 5 ਮੈਂਬਰਾਂ ਦੇ ਅਨੁਸਾਰ ਰਾਸ਼ਨ ਦਿੱਤਾ ਜਾਣਾ ਹੈ। | 10 ਵਿਅਕਤੀਆਂ ਦੇ ਗਰੁੱਪ ਦੀ ਕੁੱਲ ਗਿਣਤੀ, ਜਿਹਨਾਂ ਨੂੰ ਸਾਂਝੇ ਤੌਰ ਤੇ ਇੱਕ 5 ਕਿਲੋ ਦਾ ਐਲ.ਪੀ.ਜੀ. ਸਲੰਡਰ ਰੀਫਿਲ ਕਰਕੇ ਦੇਣਾ ਹੈ। |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |

**ਨੋਟ:- ਕਾਲਮ ਨੰਬਰ 9 ਵਿੱਚ ਜੋ ਗੁਰੱਪ ਦਰਜ ਹਨ, ਉਹ ਕਾਲਮ ਨੰਬਰ 8 ਵਿੱਚ ਵੀ ਸ਼ਾਮਿਲ ਹੋਣਗੇ।**

ਸਬੰਧਤ ਈ.ਆਰ.ਓ. ਉਪਰੋਕਤ ਅਨੁਸਾਰ ਪੂਰੇ ਵਿਧਾਨ ਸਭਾ ਹਲਕੇ ਦੀ ਸਮਰੀ ਤਿਆਰ ਕਰਕੇ ਸਮੇਤ ਭਰੇ ਫਾਰਮਾਂ ਸਮੇਤ ਇਹਨਾਂ ਨੂੰ ਸ੍ਰੀ ਬਲਜੀਤ ਸਿੰਘ, ਸਹਾਇਕ ਕਿਰਤ ਕਮਿਸ਼ਨਰ, ਜਲੰਧਰ (**ਮੋਬਾਇਲ ਨੰ: 97803-69350), ਈ-ਮੇਲ lco.2.jalandhar@gmail.com)** ਨੂੰ ਭੇਜਣਗੇ ਜੋ ਇਹਨਾਂ ਫਾਰਮਾਂ ਨੂੰ ਕੰਪਾਈਲ ਕਰਕੇ **Excel Sheet** ਵਿੱਚ ਤਿਆਰ ਕਰਕੇ State COVID-19 Control Room, Chandigarh ਨੂੰ 10 ਦਿਨਾਂ ਦੇ ਅੰਦਰ-ਅੰਦਰ ਭੇਜਣ ਦਾ ਜਿੰਮੇਵਾਰ ਹੋਣਗੇ। ਇਸ ਦੀ ਸਮਰੀ ਦੀ ਸੂਚਨਾਂ ਸਬੰਧਤ ਈ.ਆਰ.ਓ. ਵੱਲੋਂ ਹਰ ਰੋਜ਼ ਹੀ ਨੋਡਲ ਅਫਸਰ ਵਧੀਕ ਡਿਪਟੀ ਕਮਿਸ਼ਨਰ (ਜ), ਜਲੰਧਰ ਨੂੰ ਸ਼ਾਮ 5-00 ਵਜੇ ਭੇਜੀ ਜਾਵੇ।

ਵਧੀਕ ਜਿਲ੍ਹਾ ਮੈਜਿਸਟਰੇਟ
ਜਲੰਧਰ।

ਪਿੱਠ ਅੰਕਣ ਨੰ. ੫੧੫੨- ੬੫ /ਐਮ.ਸੀ.4/ਐਮ.ਏ ਮਿਤੀ 01.04.2020

**ਇਸ ਦਾ ਇਕ ਉਤਾਰਾ :-**

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਲੇਬਰ ਵਿਭਾਗ, ਪੰਜਾਬ ਸਰਕਾਰ, ਚੰਡਗੀੜ੍ਹ।
3. ਪ੍ਰਮੁੱਖ ਸਕੱਤਰ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਪੰਜਾਬ, ਚੰਡੀਗੜ੍ਹ
4. ਡਾਇਰੈਕਟਰ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਪੰਜਾਬ, ਚੰਡੀਗੜ੍ਹ
5. ਡਾਇਰੈਕਟਰ, ਲੇਬਰ ਵਿਭਾਗ, ਪੰਜਾਬ, ਚੰਡੀਗੜ੍ਹ
6. ਡਾਇਰੈਕਟਰ, e-Governance Reforms ਵਿਭਾਗ, ਪੰਜਾਬ, ਚੰਡੀਗੜ੍ਹ
7. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
8. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
9. **ਸਮੂਹ ਈ.ਆਰ.ਓਜ਼, ਜਿਲ੍ਹਾ ਜਲੰਧਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ**
10. **ਸਮੂਹ ਕਮੇਟੀ ਮੈਂਬਰਾਂ ਨੂੰ ਸੂਚਨਾਂ ਅਤੇ ਇੰਨ-ਬਿੰਨ ਪਾਲਣਾਂ ਹਿੱਤ ਭੇਜਿਆ ਜਾਂਦਾ ਹੈ।**
11. ਸਹਾਇਕ ਕਿਰਤ ਕਮਿਸ਼ਨਰ, ਜਲੰਧਰ
12. ਜਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈ, ਜਲੰਧਰ
13. ਉਕਤ ਸਬੰਧਤ ਅਧਿਕਾਰੀ/ਕਰਮਚਾਰੀ
14. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
15. ਸਟੇਟ ਕੋਵਿਡ-19 ਕੰਟਰੋਲ ਰੂਮ, ਚੰਡੀਗੜ੍ਹ
16. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

ਵਾ. ਵਧੀਕ ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned by CamScanner